HM Revenue
& Customs

# ਟੈਕਸ ਜਾਂਚ ਸਬੰਧੀ ਫੈਕਟਸ਼ੀਟ

## ਕੀ ਬਦਲ ਰਿਹਾ ਹੈ

4 ਅਪ੍ਰੈਲ 2022 ਤੋ ਇੰਗਲੈਂਡ ਅਤੇ ਵੇਲਜ਼ ਵਿੱਚ ਅਤੇ 2 ਅਕਤੂਬਰ 2023 ਤੋ ਸਕਾਟਲੈਂਡ ਅਤੇ ਉੱਤਰੀ ਆਇਰਲੈਂਡ ਵਿੱਚ ਤੁਹਾਨੂੰ ਹੇਠਾਂ ਦਿੱਤੇ ਲਾਇਸੈਂਸਾਂ ਨੂੰ ਨਵਿਆਉਣ (ਰਿਨਿਊ ਕਰਨ) ਲਈ ਅਰਜ਼ੀ ਦੇਣ ਵੇਲੇ ਐੱਚ.ਐੱਮ. ਰੈਵੇਨਿਊ ਐਂਡ ਕਸਟਮਜ਼ (ਐੱਚ.ਐੱਮ.ਆਰ.ਸੀ.) ਨਾਲ ਨਵੀਆਂ ਟੈਕਸ ਪੜਤਾਲਾਂ ਨੂੰ ਪੂਰਾ ਕਰਨ ਦੀ ਲੋੜ ਹੋਵੇਗੀ:

- ਟੈਕਸੀ ਅਤੇ ਨਿੱਜੀ ਕਿਰਾਏ ਵਾਲੇ ਡ੍ਰਾਈਵਰ
- ਨਿੱਜੀ ਕਿਰਾਏ ਵਾਲੇ ਓਪਰੇਟਰ
- ਬੁਕਿੰਗ ਦਫਤਰ
- ਕੰਡਮ ਧਾਤ ਦੇ ਡੀਲਰ ਦੀਆਂ ਥਾਵਾਂ
- ਮੋਬਾਈਲ ਜਾਂ ਘੁੰਮਣ-ਫਿਰਣ ਵਾਲੇ ਕੰਡਮ ਧਾਤ ਦੇ ਇਕੱਤਰ-ਕਰਤਾ (ਕੁਲੈਕਟਰ)

## ਤਬਦੀਲੀਆਂ ਤੁਹਾਡੇ 'ਤੇ ਕਿਵੇਂ ਅਸਰ ਪਾ ਸਕਦੀਆਂ ਹਨ

ਤੁਹਾਨੂੰ ਜੋ ਕਰਨ ਦੀ ਲੋੜ ਹੈ ਉਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕੀ ਤੁਸੀਂ ਪਹਿਲੀ ਵਾਰ ਲਾਇਸੈਂਸ ਲਈ ਅਰਜ਼ੀ ਦੇ ਰਹੇ ਹੋ ਜਾਂ ਕੀ ਤੁਸੀਂ ਬਾਅਦ ਵਾਲੀ ਅਰਜ਼ੀ ਦੇ ਰਹੇ ਹੋ, ਜਿਵੇਂ ਕਿ ਲਾਇਸੈਂਸ ਨੂੰ ਨਵਿਆਉਣਾ।

**ਨਵਾਂ ਲਾਇਸੈਂਸ ਲੈਣਾ** ਜੇਕਰ ਤੁਸੀਂ ਪਹਿਲੀ ਵਾਰ ਲਾਇਸੈਂਸ ਲਈ ਅਰਜ਼ੀ ਦੇ ਰਹੇ ਹੋ, ਤਾਂ ਤੁਹਾਨੂੰ ਟੈਕਸ ਜਾਂਚ ਪੂਰੀ ਕਰਨ ਦੀ ਲੋੜ ਨਹੀਂ ਹੋਵੇਗੀ। ਪਰ, ਲਾਇਸੈਂਸ ਦੇਣ ਵਾਲੀਆਂ ਸੰਸਥਾਵਾਂ ਤੁਹਾਨੂੰ ਇਸ ਬਾਰੇ ਐੱਚ.ਐੱਮ.ਆਰ.ਸੀ. ਦੀ ਸੇਧ (ਮਾਰਗਦਰਸ਼ਨ) ਨੂੰ ਪੜ੍ਹਨ ਲਈ ਕਹਿਣਗੀਆਂ ਕਿ ਤੁਹਾਨੂੰ ਭਵਿੱਖ ਵਿੱਚ ਟੈਕਸ ਲਈ ਸਹੀ ਤਰ੍ਹਾਂ ਨਾਮ ਦਰਜ ਕਰਨ (ਰਜਿਸਟਰ ਹੋਣ) ਲਈ ਕੀ ਕਰਨ ਦੀ ਲੋੜ ਹੈ ਅਤੇ ਤੁਹਾਨੂੰ ਇਹ ਪੁਸ਼ਟੀ ਕਰਨ ਦੀ ਲੋੜ ਹੋਵੇਗੀ ਕਿ ਤੁਸੀਂ ਅਜਿਹਾ ਕਰ ਲਿਆ ਹੈ।

**ਲਾਇਸੈਂਸ ਨਵਿਆਉਣਾ** ਜੇਕਰ ਤੁਸੀਂ ਲਾਇਸੈਂਸ ਦੇਣ ਵਾਲੀ ਕਿਸੇ ਵੱਖਰੀ ਸੰਸਥਾ ਦੇ ਅਧੀਨ ਇਸ ਤੋਂ ਬਾਅਦ ਇੱਕ ਲਾਇਸੈਂਸ ਨੂੰ ਨਵਿਆਉਂਦੇ ਹੋ ਜਾਂ ਅਰਜ਼ੀ ਦਿੰਦੇ ਹੋ, ਤਾਂ ਤੁਹਾਨੂੰ ਟੈਕਸ ਜਾਂਚ ਕਰਨੀ ਹੋਵੇਗੀ। ਤੁਸੀਂ ਆਪਣੇ ਸਰਕਾਰੀ ਗੇਟਵੇ ਖਾਤੇ (Government Gateway account) ਰਾਹੀਂ GOV.UK 'ਤੇ ਟੈਕਸ ਜਾਂਚ ਪੂਰੀ ਕਰ ਸਕਦੇ ਹੋ। ਜੇਕਰ ਤੁਹਾਡੇ ਕੋਲ ਪਹਿਲਾਂ ਤੋਂ ਸਰਕਾਰੀ ਗੇਟਵੇ ਖਾਤਾ ਨਹੀਂ ਹੈ, ਤਾਂ ਤੁਹਾਨੂੰ ਆਪਣਾ ਲਾਇਸੈਂਸ ਨਵਿਆਉਣ ਤੋਂ ਪਹਿਲਾਂ ਇੱਕ ਖਾਤਾ ਬਣਾਉਣਾ ਚਾਹੀਦਾ ਹੈ।

## ਟੈਕਸ ਜਾਂਚ ਬਾਰੇ

ਟੈਕਸ ਜਾਂਚ ਵਿੱਚ ਸਿਰਫ਼ ਕੁਝ ਮਿੰਟ ਲੱਗਣੇ ਚਾਹੀਦੇ ਹਨ ਅਤੇ ਤੁਹਾਨੂੰ ਐੱਚ.ਐੱਮ.ਆਰ.ਸੀ. ਨੂੰ ਇਹ ਦੱਸਣ ਲਈ ਸਿਰਫ਼ ਕੁਝ ਸਵਾਲਾਂ ਦੇ ਜਵਾਬ ਦੇਣ ਦੀ ਲੋੜ ਹੋਵੇਗੀ ਕਿ ਤੁਸੀਂ ਕੋਈ ਵੀ ਟੈਕਸ ਕਿਵੇਂ ਅਦਾ ਕਰਦੇ ਹੋ ਜੋ ਤੁਹਾਡੇ ਲਾਇਸੈਂਸਸ਼ੁਦਾ ਵਪਾਰ ਤੋਂ ਤੁਹਾਡੀ ਕਮਾਈ ਆਮਦਨ 'ਤੇ ਲੱਗ ਸਕਦਾ ਹੈ। GOV.UK 'ਤੇ ਸੇਧ ਹੋਵੇਗੀ ਅਤੇ ਜਿਸ ਨੂੰ ਵੀ ਵਧੀਕ ਸਹਾਇਤਾ ਦੀ ਲੋੜ ਹੈ, ਉਹ ਐੱਚ.ਐੱਮ.ਆਰ.ਸੀ. ਦੀ ਕਸਟਮਰ ਹੈਲਪਲਾਈਨ ਰਾਹੀਂ ਫ਼ੋਨ ਦੁਆਰਾ ਟੈਕਸ ਜਾਂਚ ਨੂੰ ਪੂਰਾ ਕਰ ਸਕੇਗਾ।

ਜਦੋਂ ਤੁਸੀਂ ਟੈਕਸ ਜਾਂਚ ਪੂਰੀ ਕਰ ਲੈਂਦੇ ਹੋ, ਤਾਂ ਤੁਹਾਨੂੰ ਇੱਕ ਕੋਡ ਮਿਲੇਗਾ। ਤੁਹਾਨੂੰ ਇਹ ਕੋਡ ਲਾਜ਼ਮੀ ਤੌਰ 'ਤੇ ਆਪਣੀ ਲਾਇਸੈਂਸ ਦੇਣ ਵਾਲੀ ਸੰਸਥਾ ਨੂੰ ਦੇਣਾ ਚਾਹੀਦਾ ਹੈ। ਜਦੋਂ ਤੱਕ ਟੈਕਸ ਜਾਂਚ ਪੂਰੀ ਨਹੀਂ ਹੋ ਜਾਂਦੀ ਅਤੇ ਉਨ੍ਹਾਂ ਨੂੰ ਕੋਡ ਪ੍ਰਾਪਤ ਨਹੀਂ ਹੋ ਜਾਂਦਾ ਉਦੋਂ ਤੱਕ ਲਾਇਸੈਂਸ ਦੇਣ ਵਾਲੀ ਸੰਸਥਾ ਤੁਹਾਡੀ ਲਾਇਸੈਂਸ ਦੀ ਅਰਜ਼ੀ ਜਾਂ ਇਸ ਨੂੰ ਨਵਿਆਉਣ ਲਈ ਅੱਗੇ ਨਹੀਂ ਵਧ ਸਕਦੀ।

ਤੁਹਾਡੀ ਲਾਇਸੈਂਸ ਦੇਣ ਵਾਲੀ ਸੰਸਥਾ ਨੂੰ ਸਿਰਫ਼ ਐੱਚ.ਐੱਮ.ਆਰ.ਸੀ. ਤੋਂ ਪੁਸ਼ਟੀ ਮਿਲੇਗੀ ਕਿ ਤੁਸੀਂ ਟੈਕਸ ਜਾਂਚ ਪੂਰੀ ਕਰ ਲਈ ਹੈ, ਉਨ੍ਹਾਂ ਦੀ ਤੁਹਾਡੇ ਟੈਕਸ ਮਾਮਲਿਆਂ ਬਾਰੇ ਜਾਣਕਾਰੀ ਤੱਕ ਪਹੁੰਚ ਨਹੀਂ ਹੋਵੇਗੀ।

# ਤੁਹਾਨੂੰ ਕੀ ਕਰਨ ਦੀ ਲੋੜ ਹੈ

ਜੇਕਰ ਤੁਸੀ ਆਪਣੇ ਲਾਇਸੈਂਸਸ਼ੁਦਾ ਵਪਾਰ ਤੋਂ ਕੀਤੀਆਂ ਕਮਾਈਆਂ ‘ਤੇ ਟੈਕਸ ਦਾ ਭੁਗਤਾਨ ਕਰਨ ਲਈ ਨਾਮ ਦਰਜ ਨਹੀਂ ਕੀਤਾ ਹੈ, ਤਾਂ ਕਰਿਪਾ ਕਰਕੇ ਪਤਾ ਲਗਾਉਣ ਲਈ GOV.UK ‘ਤੇ ਜਾਓ ਕਿ ਕੀ ਤੁਹਾਨੂੰ ਛੇਤੀ ਤੋਂ ਛੇਤੀ ਨਾਮ ਦਰਜ ਕਰਨ ਹੋਣ ਦੀ ਲੋੜ ਹੈ:

- ਜੇਕਰ ਤੁਸੀਂ ਇੱਕ ਕਰਮਚਾਰੀ ਹੋ, ਤਾਂ GOV.UK ‘ਤੇ ਜਾ ਕੇ ਅਤੇ ‘ਤੁਸੀਂ ਇਨਕਮ ਟੈਕਸ ਦਾ ਭੁਗਤਾਨ ਕਵਿੇਂ ਕਰਦੇ ਹੋ’ ਦੀ ਖੋਜ ਕਰਕੇ ਪੇ ਐਜ਼ ਯੂ ਅਰਨ (PAYE) ਬਾਰੇ ਜਾਣਕਾਰੀ ਪ੍ਰਾਪਤ ਕਰੋ।
- ਜੇਕਰ ਤੁਸੀਂ ਸਵੈ-ਰੁਜ਼ਗਾਰ ਹੋ, ਤਾਂ GOV.UK ‘ਤੇ ਜਾ ਕੇ ਅਤੇ ‘ਸਵੈ-ਮੁਲਾਂਕਣ ਲਈ ਰਜਸਿਟਰ’ ਖੋਜ ਕੇ ਸਵੈ-ਮੁਲਾਂਕਣ ਲਈ ਰਜਸਿਟਰ ਕਰਨ ਬਾਰੇ ਜਾਣਕਾਰੀ ਪ੍ਰਾਪਤ ਕਰੋ।
- ਜੇਕਰ ਤੁਸੀਂ ਕਸਿੇ ਕੰਪਨੀ ਰਾਹੀਂ ਕੰਮ ਕਰਦੇ ਹੋ, ਤਾਂ GOV.UK ‘ਤੇ ਜਾ ਕੇ ਅਤੇ ‘ਕਾਰਪੋਰੇਸ਼ਨ ਟੈਕਸ’ ਦੀ ਖੋਜ ਕਰਕੇ ਕਾਰਪੋਰੇਸ਼ਨ ਟੈਕਸ ਬਾਰੇ ਜਾਣਕਾਰੀ ਪ੍ਰਾਪਤ ਕਰੋ।

ਜੇਕਰ ਟੈਕਸ ਦਾ ਭੁਗਤਾਨ ਕਰਨ ਲਈ ਤੁਹਾਡਾ ਨਾਮ ਦਰਜ ਕੀਤਾ ਜਾਣਾ ਚਾਹੀਦਾ ਸੀ ਅਤੇ ਨਹੀਂ ਕੀਤਾ ਗਿਆ ਸੀ, ਤਾਂ ਐੱਚ.ਐੱਮ.ਆਰ.ਸੀ. ਤੁਹਾਨੂੰ ਸਹੀ ਰਸਤੇ ‘ਤੇ ਵਾਪਸ ਲਿਆਉਣ ਲਈ ਤੁਰੰਤ ਅਤੇ ਪੇਸ਼ੇਵਰ ਤੌਰ ‘ਤੇ ਤੁਹਾਡੇ ਨਾਲ ਕੰਮ ਕਰੇਗੀ। ਆਪਣੇ ਟੈਕਸ ਨੂੰ ਸਹੀ ਕਰਵਾਉਣਾ ਤੁਹਾਡੀ ਜ਼ਿੰਮੇਵਾਰੀ ਹੈ, ਪਰ ਐੱਚ.ਐੱਮ.ਆਰ.ਸੀ. ਮਦਦ ਲਈ ਇੱਥੇ ਹੈ।

ਜੇਕਰ ਤੁਹਾਨੂੰ ਵਧੀਕ ਸਹਾਇਤਾ ਦੀ ਲੋੜ ਹੁੰਦੀ ਹੈ ਤਾਂ ਤੁਸੀਂ ਐੱਚ.ਐੱਮ.ਆਰ.ਸੀ. ਤੋਂ ਮਦਦ ਲੈ ਸਕਦੇ ਹੋ, ਉਦਾਹਰਨ ਲਈ ਜੇਕਰ ਤੁਹਾਨੂੰ ਕਸਿੇ ਵੱਖਰੇ ਫਾਰਮੈਟ ਵੱਿਚ ਜਾਣਕਾਰੀ ਚਾਹੀਦੀ ਹੈ ਜਾਂ ਫਾਰਮ ਭਰਨ ਵੱਿਚ ਮਦਦ ਦੀ ਲੋੜ ਹੈ। GOV.UK ‘ਤੇ ਜਾਓ ਅਤੇ ‘ਜੇਕਰ ਤੁਹਾਨੂੰ ਵਧੀਕ ਸਹਾਇਤਾ ਦੀ ਲੋੜ ਹੈ ਤਾਂ ਐੱਚ.ਐੱਮ.ਆਰ.ਸੀ. (HMRC) ਤੋਂ ਮਦਦ ਪ੍ਰਾਪਤ ਕਰੋ’ ਬਾਰੇ ਭਾਲ ਕਰੋ।

ਟੈਕਸ ਜਾਂਚ ਬਾਰੇ ਹੋਰ ਮਾਰਗਦਰਸ਼ਨ ਲਈ GOV.UK ‘ਤੇ ਜਾਓ ਅਤੇ ‘ਟੈਕਸੀ, ਪ੍ਰਾਈਵੇਟ ਹਾਇਰ ਜਾਂ ਸਕ੍ਰੈਪ ਮੈਟਲ ਲਾਇਸੈਂਸ ਲਈ ਟੈਕਸ ਜਾਂਚ ਨੂੰ ਪੂਰਾ ਕਰੋ’ ਦੀ ਭਾਲ ਕਰੋ।